# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.), ਬਠਿੰਡਾ

ਵੱਲ:

ਪ੍ਰਿੰਸੀਪਲ/ਬੀ.ਪੀ.ਈ.ਓਜ਼/ਮੁੱਖ ਅਧਿਆਪਕ/ਸਕੂਲ ਮੁਖੀ,
ਸਮੂਹ ਸਰਕਾਰੀ/ਏਡਿਡ/ਆਦਰਸ਼/ਮਾਡਲ/ਪ੍ਰਾਇਵੇਟ/ਜੇ.ਐਨ.ਵੀ/ ਮੈਰੀਟੋਰੀਅਸ ਸਕੂਲ
ਜਿਲਾ ਬਠਿੰਡਾ।
ਪੱਤਰ ਨੰ:ਸਸਅ/ਐੱਮ.ਆਈ.ਐੱਸ./2018/ 003 ਮਿਤੀ 01-01-2018

ਵਿਸ਼ਾ:- **ਯੂ-ਡਾਈਸ 2017-18 ਆਨਲਾਈਨ ਡਾਟਾ ਵਿੱਚ ਗਲਤੀਆਂ ਠੀਕ ਕਰਨ ਸਬੰਧੀ।**
ਹਵਾਲਾ: ਮੀਮੋ ਨੰ: ਐਮ.ਆਈ.ਐਸ./2017/ਯੂ-ਡਾਈਸ/2018/20181 ਮਿਤੀ 01-01-2018

ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਵਾਰ ਸਮੂਹ ਸਕੂਲਾਂ ਤੋ ਯੂ-ਡਾਈਸ ਡਾਟਾ ਈ-ਪੰਜਾਬ ਪੋਰਟਲ ਨਾਲ ਅਟੈਚ ਕਰ ਕੇ ਆਨਲਾਈਨ ਹੀ ਅਪਰੂਵ ਕਰਵਾਇਆ ਗਿਆ ਸੀ। ਪਰੰਤੂ ਨਾਲ ਨੱਥੀ ਰਿਪੋਰਟਾਂ ਚੈਕ ਕਰਨ ਤੋ ਪਤਾ ਚਲਦਾ ਹੈ ਕਿ ਸਕੂਲਾਂ ਵੱਲੋ ਡਾਟਾ ਫੀਡ ਕਰਨ ਵਿੱਚ ਬਹੁਤ ਵੱਡੀ ਪੱਧਰ ਤੇ ਗਲਤੀਆਂ ਕੀਤੀਆਂ ਗਈਆਂ ਹਨ ਜਿਸ ਵਿੱਚ ਨਾ ਬਦਲਿਆ ਜਾਣ ਵਾਲਾ ਡਾਟਾ ਵੀ ਪਿਛਲੇ ਸਾਲ ਦੇ ਡਾਟਾ ਨਾਲ ਮੇਲ ਨਹੀ ਹੋ ਰਿਹਾ। ਇਹ ਰਿਪੋਰਟਾਂ ਸਕੂਲਾਂ ਵੱਲੋ ਵਰਤੀ ਜਾਂਦੀ ਅਣਗਿਹਲੀ ਦਾ ਪ੍ਰਮਾਣ ਹਨ। ਜਦਕਿ ਇਹੀ ਡਾਟਾ ਸਲਾਨਾ ਪਲਾਨ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਤੋ ਅੱਗੇ MHRD ਵੱਲੋ ਫੰਡ ਮੁਹੱਈਆ ਕਰਨ ਅਤੇ ਸਿੱਖਿਆ ਸਬੰਧੀ ਨੀਤੀਆਂ ਨਿਰਧਾਰਤ ਕਰਨ ਲਈ ਵਰਤਿਆ ਜਾਂਦਾ ਹੈ।

ਸੋ ਉਕਤ ਹਵਾਲਾ ਪੱਤਰ ਮੁਤਾਬਿਕ ਸਮੂਹ ਸਕੂਲ ਜਿਨ੍ਹਾਂ ਦਾ ਡਾਟਾ ਗਲਤ ਹੈ ਨੂੰ ਜਿਲ੍ਹਾ ਪੱਧਰ ਤੇ ਡਿਸਅਪਰੂਵ ਕਰਕੇ ਠੀਕ ਕਰਨ ਲਈ ਮੌਕਾ ਦਿੱਤਾ ਗਿਆ ਹੈ ਜਿਸ ਨੂੰ ਮਿਤੀ 10-01-2018 ਤੱਕ ਹਰ ਹਾਲਤ ਵਿੱਚ ਦਰੁਸਤ ਕਰਕੇ ਅਪਰੂਵ ਕਰਨਾ ਹੈ। **ਸਮੂਹ ਸਕੂਲਾਂ ਦਾ ਯੂ-ਡਾਈਸ ਡਾਟਾ ਡਿਸਅਪਰੂਵ ਕਰ ਦਿੱਤਾ ਗਿਆ ਹੈ। ਇਕ ਵਾਰ ਯੂ-ਡਾਈਸ ਡਾਟਾ ਅਪਰੂਵ ਹੋਣ ਤੇ ਦੁਬਾਰਾ ਡਿਸਅਪਰੂਵ ਕਰਨ ਦੀ ਕੋਈ ਵਿਵਸਥਾ ਨਹੀ ਹੈ। ਸੋ ਸਮੁੱਚਾ ਡਾਟਾ ਧਿਆਨਪੂਰਵਕ ਅਪਡੇਟ ਅਤੇ ਚੈਕ ਕਰਕੇ ਹੀ ਅਪਰੂਵ ਕੀਤਾ ਜਾਵੇ।** ਕਿਸੇ ਵੀ ਤਰਾਂ ਦੀ ਦੁਬਾਰਾ ਹੋਈ ਗਲਤੀ/ਅਣਗਿਹਲੀ ਲਈ ਸਕੂਲ ਮੁਖੀ ਸਿੱਧੇ ਰੂਪ ਵਿੱਚ ਜਿਮੇਵਾਰ ਹੋਣਗੇ।

ਨੋਟ:-

1) ਰਿਪੋਰਟਾਂ ਬਹੁਤ ਵੱਡੀਆ ਹੋਣ ਕਰਕੇ ਪ੍ਰਿੰਟ ਲੈਣ ਦੀ ਬਜਾਏ ਸਕੂਲ ਮੁਖੀ ਯੂ-ਡਾਈਸ Respondent ਦੇ ਕੋਲ ਬੈਠ ਕੇ ਅਪਣੀ ਨਿਗਰਾਨੀ ਹੇਠ ਹੀ ਡਾਟਾ ਆਨਲਾਈਨ ਅਪਡੇਟ ਕਰਵਾਉਣ ਤਾਂ ਜੋ ਦੁਬਾਰਾ ਕਿਸੇ ਗਲਤੀ ਦੀ ਗੁੰਜਾਇਸ਼ ਨਾ ਰਹੇ।
2) ਡਾਟਾ ਠੀਕ ਕਰਨ ਲਈ ਨਾਲ ਨੱਥੀ ਹਦਾਇਤਾਂ ਚੰਗੀ ਤਰਾਂ ਪੜ੍ਹ ਲਈਆ ਜਾਣ।
3) ਰਿਪੋਰਟਾਂ ਵਿੱਚ ਪੀਲੇ ਕੀਤੇ ਕਾਲਮ ਗਲਤ ਹਨ ਜਾਂ ਗਲਤ ਹੋਣ ਦੀ ਸੰਭਾਵਨਾ ਹੈ ਪਰੰਤੂ ਇਸ ਤੋ ਇਲਾਵਾ ਵੀ ਬਾਕੀ ਸਾਰਾ ਡਾਟਾ ਚੰਗੀ ਤਰਾਂ ਚੈਕ ਕਰ ਲਿਆ ਜਾਵੇ ਅਤੇ ਲੋੜੀਂਦੀ ਦਰੁਸਤੀ ਕੀਤੀ ਜਾਵੇ।
4) ਡਾਟਾ ਦਰੁਸਤ ਕਰਨ ਉਪਰੰਤ ਮਹੀਨਾਵਾਰ ਈ-ਸਰਟੀਫਿਕੇਟ (ਸਿਰਫ ਸਰਕਾਰੀ ਸਕੂਲ) ਵੀ ਮਿਤੀ 10 ਜਨਵਰੀ ਤੱਕ ਹਰ ਹਾਲਤ ਵਿੱਚ ਜਾਰੀ ਕੀਤੇ ਜਾਣ।

ਨਾਲ ਨੱਥੀ:

1) ਯੂ-ਡਾਈਸ (2017-18) ਡਾਟਾ ਦੀਆਂ 11 ਰਿਪੋਰਟਾਂ। (elml rWhl)
2) ਯੂ-ਡਾਈਸ (2016-17) ਰਿਪੋਰਟ (ਪਿਛਲੇ ਸਾਲ ਦੇ ਡਾਟਾ ਨਾਲ ਮਿਲਾਨ ਕਰਨ ਲਈ) (elml rWhl)
3) ਯੂ-ਡਾਈਸ ਸਬੰਧੀ ਜਰੂਰੀ ਹਦਾਇਤਾਂ ਦੀ ਕਾਪੀ
4) ਮੁੱਖ ਦਫਤਰ ਤੋ ਜਾਰੀ ਪੱਤਰ ਦੀ ਕਾਪੀ।

ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.),
ਬਠਿੰਡਾ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ),
ਬਠਿੰਡਾ।

# ਯੂ-ਡਾਈਸ ਆਨਲਾਈਨ ਡਾਟਾ ਦਰੁਸਤ ਕਰਨ ਲਈ ਜਰੂਰੀ ਹਦਾਇਤਾਂ

1) ਸਕੂਲਾਂ ਵੱਲੋ ਭਰੇ ਗਏ ਡਾਟਾ ਦੀਆਂ ਰਿਪੋਰਟ ਵਿੱਚ ਪੀਲੇ ਕੀਤੇ ਗਏ ਕਾਲਮ ਦਾ ਡਾਟਾ ਜਾਂ ਤਾ ਗਲਤ ਹੈ ਜਾਂ ਸ਼ੱਕ ਹੈ ਕਿ ਗਲਤ ਹੋਵੇ। ਸੋ ਪੀਲੇ ਕੀਤੇ ਡਾਟਾ ਨੂੰ ਬਹੁਤ ਧਿਆਨ ਨਾਲ ਚੈਕ ਕਰਕੇ ਦਰੁਤਸ ਕੀਤਾ ਜਾਵੇ ਅਤੇ ਬਾਕੀ ਡਾਟਾ ਵੀ ਅਪਣੇ ਪੱਧਰ ਤੇ ਦੁਬਾਰਾ ਚੈਕ ਕਰ ਲਿਆ ਜਾਵੇ।

3) ਨਾਲ ਨੱਥੀ ਰਿਪੋਰਟ ਸਕੂਲਾਂ ਨੂੰ ਯੂ-ਡਾਈਸ ਵਿੱਚ ਭਰੇ ਡਾਟਾਂ ਵਿੱਚ ਗਲਤੀਆ ਦਿਖਾਉਣ ਲਈ ਹਨ। ਤਾਂ ਜੋ ਸਕੂਲ ਇਹਨਾ ਗਲਤੀਆ ਨੂੰ ਈ-ਪੰਜਾਬ ਤੇ ਯੂ-ਡਾਈਸ ਵਾਲੇ ਲਿੰਕ ਜਾ ਕੇ ਠੀਕ ਕੀਤਾ ਜਾ ਸਕੇ। ਇਸ ਦਫਤਰ ਨੂੰ ਐਕਸਲ ਸ਼ੀਟ ਜਾ ਕਿਸੇ ਹੋਰ ਫਾਈਲ ਵਿੱਚ ਡਾਟਾ ਠੀਕ ਕਰਕੇ ਭੇਜਣ ਦੀ ਕੋਈ ਜਰੂਰਤ ਨਹੀ। ਡਾਟਾ ਸਿਰਫ ਆਨਲਾਈਨ ਯੂ-ਡਾਈਸ ਵਿੱਚ ਹੀ ਠੀਕ ਕੀਤਾ ਜਾਵੇ ਅਤੇ ਡਿਸਅਪਰੂਵ ਕਰਵਾਉਣ ਤੋ ਅਗਲੇ ਦਿਨ ਤੱਕ ਹਰ ਹਾਲਤ ਵਿੱਚ ਅਪਰੂਵ ਕੀਤਾ ਜਾਵੇ।

4) ਯੂ-ਡਾਈਸ ਡਾਟਾ ਡਿਸਅਪਰੂਵ ਕਰਵਾਉਣ ਲਈ ਕੋਈ ਫੋਨ ਕਾਲ ਨਾ ਕੀਤੀ ਜਾਵੇ। ਸਮੂਹ ਸਕੂਲਾਂ ਦਾ ਡਾਟਾ ਪਹਿਲਾਂ ਹੀ ਡਿਸਅਪਰੂਵ ਕਰ ਦਿੱਤਾ ਗਿਆ ਹੈ। ਕਿਸੇ ਹੋਰ ਸਮੱਸਿਆ ਸਬੰਧੀ ਵੀ ਸਿਰਫ ਮੇਲ/ਮੈਸੇਜ ਜਾਂ ਵਟਸ-ਅੱਪ ਗਰੁੱਪ ਵਿੱਚ ਲਿਖ ਕੇ ਹੀ Request ਭੇਜੀ ਜਾਵੇ।

5) ਸਿਵਲ ਵਰਕਸ ਦੇ Section 2.2 ਵਿੱਚ Total Building Block ਵਿੱਚ ਸਿਰਫ ਬਿਲਡਿੰਗ ਦੀ ਗਿਣਤੀ ਭਰਨੀ ਹੈ ਨਾ ਕਿ ਕਮਰਿਆ ਦੀ ਗਿਣਤੀ। ਇਕ ਬਿਲਡਿੰਗ ਬਲਾਕ ਵਿੱਚ ਇਕ ਤੋ ਵੱਧ ਕਮਰੇ ਹੋ ਸਕਦੇ ਹਨ ਪਰੰਤੂ ਉਸ ਦੀ ਕਿਸੇ ਹੋਰ ਬਿਲਡਿੰਗ ਨਾਲ ਐਟਚਮੈਟ ਨਾ ਹੋਵੇ।

6) ਸਿਵਲ ਵਰਕਸ ਦੇ Section 2.4 (b) ਵਿੱਚ ਵਾਧੂ ਕਮਰੇ ਦਿਖਾਉਣੇ ਹਨ ਪਰੰਤੂ ਇਹ ਖਿਆਲ ਰੱਖਿਆ ਜਾਵੇ ਕਿ ਵਾਧੂ ਕਮਰਾ ਉਸ ਨੂੰ ਗਿਣਨਾ ਹੈ ਜਿਸ ਵਿੱਚ ਭਵਿੱਖ ਵਿੱਚ ਲੋੜ ਪੈਣ ਤੇ ਕਲਾਸ ਲਗਾਈ ਜਾ ਸਕੇ। ਕਿਸੇ ਵੀ ਲੈਬ ਨੂੰ ਵਾਧੂ ਕਮਰਾ ਨਹੀ ਗਿਣਨਾ।

7) Minor Repair ਵਿੱਚ ਕੋਈ ਡਿਮਾਂਡ ਨਾ ਵਿਖਾਈ ਜਾਵੇ। ਮੇਜਰ ਰਿਪੇਅਰ ਮੰਗੀ ਜਾ ਸਕਦੀ ਹੈ।

8) ਬਿਜਲੀ/ਪਾਣੀ/ਪਲੇਅ ਗਰਾਉਂਡ ਆਦਿ ਡਾਟਾ ਪਿਛਲੇ ਸਾਲ ਦੀ ਰਿਪੋਰਟ ਮੁਤਾਬਿਕ ਹੋਣ ।

9) ਸਕੂਲ ਡਿਵੈਲਪਮੈਟ ਗ੍ਰਾਂਟ 7000 ਜਾਂ 5000 ਅਤੇ ਸਕੂਲ ਮੇਨਟੇਨੈਂਸ ਗ੍ਰਾਂਟ 7500 ਹੀ ਜਾਰੀ ਕੀਤੀਆਂ ਜਾਂਦੀਆ ਹਨ। ਕੋਈ ਹੋਰ ਫਿਗਰ ਗਲਤੀ ਹੈ।

10) Section 4.5 (a) ਵਿੱਚ ਪਹਿਲੀ ਕਲਾਸ ਤੋ 8ਵੀ ਕਲਾਸ ਤੱਕ ਕੋਈ ਰਪੀਟਰ ਬੱਚਾ ਨਾ ਵਿਖਾਇਆ ਜਾਵੇ। ਕੁੱਝ ਸਕੂਲਾਂ ਵੱਲੋ ਇਸ ਕਾਲਮ ਵਿੱਚ ਮੌਜੂਦਾ ਬੱਚਿਆ ਦੀ ਗਿਣਤੀ ਵਿਖਾਈ ਗਈ ਹੈ ਜੋ ਕਿ ਬਿਲਕੁਲ ਹੀ ਗਲਤ ਹੈ।

11) Section 1.37 d/ (a),(b)... ਕਾਲਮਾ ਵਿੱਚ ਆਮ ਤੌਰ ਤੇ ਪੂਰੇ ਸਾਲ ਵਿੱਚ ਸਕੂਲ ਲੱਗਣ ਦੇ ਦਿਨ 220 ਤੋ 250 ਤੱਕ ਹੁੰਦੇ ਹਨ ਅਤੇ ਸਕੂਲ ਵਿੱਚ ਬੱਚਿਆਂ ਦੇ ਘੰਟੇ 6:00 ਅਤੇ ਅਧਿਆਪਕਾਂ ਦਾ ਸਮਾਂ 6:20 ਹੁੰਦਾ ਹੈ। ਪ੍ਰਾਇਵੇਟ ਸਕੂਲਾਂ ਵਿੱਚ ਇਹ ਗਿਣਤੀ ਵੱਧ ਹੋ ਸਕਦੀ ਹੈ। ਇਸੇ ਹੀ ਪੇਜ ਤੇ Section 1.42 CCE ਆਮ ਤੋਰ ਤੇ "YES" ਹੀ ਹੁੰਦਾ ਹੈ

12) Section 1.42 (a) ਕਾਲਮ ਵਿੱਚ SMC ਮੈਬਰਾਂ ਦੀ ਗਿਣਤੀ 12 ਹੋਣੀ ਚਾਹੀਦੀ ਹੈ ਜਿਸ ਵਿੱਚ ਔਰਤਾਂ ਦੀ ਗਿਣਤੀ 6 ਜਾਂ ਵੱਧ ਹੋਵੇ। ਅਗਲੇ ਕਾਲਮ ਵਿੱਚ ਵੀ ਮਾਪਿਆ ਦੀ ਗਿਣਤੀ 9 ਹੋਣੀ ਚਾਹੀਦੀ ਹੈ ਜਿਸ ਵਿੱਚ ਔਰਤਾਂ ਦੀ ਗਿਣਤੀ 5 ਜਾ ਵੱਧ ਹੋਵੇ। ਕਾਲਮ (C) ਵਿਚ ਗਿਣਤੀ 1 ਹੀ ਹੋਵੇਗੀ (ਔਰਤ ਜਾਂ ਮਰਦ ਵਿਚੋ ਕੋਈ ਇਕ)।

13) Section 1.48 (d) ਕਾਲਮ ਵਿੱਚ ਸਰਕਾਰੀ ਹਾਈ ਅਤੇ ਸੀਨੀਅਰ ਸਕੈਡਰੀ ਸਕੂਲ RMSA ਦਾ ਖਾਤਾ ਭਰਨਗੇ।

14)

ੳ) ਆਖਰੀ ਪੇਜ਼ (State Variable) ਵਿੱਚ ਸਰਕਾਰੀ ਸਕੂਲਾਂ ਦੁਆਰਾ ਬਾਉਂਡਰੀ ਵਾਲ ਦੀ ਮੰਗ ਰਨਿੰਗ ਮੀਟਰਾਂ ਵਿੱਚ ਕੀਤੀ ਜਾਵੇ ਨਾ ਕਿ ਫੁੱਟਾਂ ਵਿੱਚ। ਪ੍ਰਾਇਵੇਟ ਸਕੂਲ ਇਥੇ 0 ਹੀ ਭਰਨ।

ਅ) ਕਾਲਮ ਨੰਬਰ 4 ਵਿੱਚ ਹਰ ਸਕੂਲ Not applicable ਹੀ ਭਰੇ

ੲ) ਕਾਲਮ ਨੰਬਰ 5 ਵਿੱਚ ਸਿਰਫ ਉਹੀ ਸਰਕਾਰੀ ਸਕੂਲ YES ਭਰਨ ਜਿਥੇ ਰਿਸੋਰਸ ਕਮਰੇ ਬਣੇ ਹਨ ਅਤੇ ਬੱਚੇ ਪੜ੍ਹ ਰਹੇ ਹਨ। ਆਮ ਤੌਰ ਤੇ ਇਹ ਸਿਰਫ ਪ੍ਰਾਇਮਰੀ ਸਕੂਲਾਂ ਵਾਸਤੇ ਹੈ।

15) Section 1.35 (b) (Total Teacher in Pre-Primary ) ਵਿਚ ਸਰਕਾਰੀ ਪ੍ਰਾਇਮਰੀ ਸਕੂਲ ਟੀਚਰਾਂ ਦੀ ਗਿਣਤੀ ਜੀਰੋ (0) ਭਰਨਗੇ। ਪ੍ਰਾਇਵੇਟ ਸਕੂਲ ਬੱਚਿਆਂ ਦੀ ਗਿਣਤੀ ਮੁਤਾਬਿਕ ਜਿੰਨੇ ਵੀ ਟੀਚਰ ਨਿਯੁਕਤ ਹਨ ਉਹ ਗਿਣਤੀ ਭਰਨਗੇ।

16) **CWSN (Disable Students) ਦੀ ਠੀਕ ਜਾਣਕਾਰੀ ਭਰਨ ਲਈ ਸਬੰਧਿਤ ਆਈ.ਈ.ਆਰ.ਟੀ. ਵਲੰਟੀਅਰ ਨਾਲ ਸੰਪਰਕ ਕੀਤਾ ਜਾਵੇ ਤਾਂ ਜੋ ਕਿਸੇ Disable ਬੱਚੇ ਦੀ ਜਾਣਕਾਰੀ ਅਪਡੇਟ ਕਰਨ ਤੋ ਨਾ ਰਹਿ ਜਾਵੇ।**

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ , ਮੁਹਾਲੀ**
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 **ਐਸ.ਏ.ਐਸ. ਨਗਰ** (ਮੁਹਾਲੀ)

ਵੱਲ

ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ. ਐਮ.ਆਈ.ਐਸ/2017/ਯੂ-ਡਾਈਸ/2018/2018।
ਮਿਤੀ : 01/01/2018

ਵਿਸ਼ਾ : ਯੂ-ਡਾਈਸ ਸਰਵੇ 2017-18 ਅਧੀਨ ਸਕੂਲਾਂ ਵੱਲੋਂ ਸਹੀ ਜਾਣਕਾਰੀ ਨਾ ਭਰਨ ਸੰਬੰਧੀ ।

ਭਾਰਤ ਸਰਕਾਰ ਵੱਲੋਂ ਹਰ ਸਾਲ ਕਰਵਾਏ ਜਾਂਦੇ ਯੂ-ਡਾਈਸ ਸਰਵੇ ਨੂੰ ਭਰਨ ਲਈ ਸਕੂਲਾਂ ਨੂੰ ਆਖਰੀ ਮਿਤੀ 11-12-2017 ਦਿੱਤੀ ਗਈ ਸੀ। ਮਿਤੀ 11-12-2017 ਤੱਕ ਸਕੂਲਾਂ ਵੱਲੋਂ ਜਮ੍ਹਾਂ ਕਰਵਾਏ ਗਏ ਡਾਟਾ ਨੂੰ ਘੋਖਣ ਉਪਰੰਤ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫੀ ਤੁਰੱਟੀਆਂ ਪਾਈਆ ਗਈਆਂ ਹਨ।ਇਸ ਤੋਂ ਇਲਾਵਾ ਸਕੂਲਾਂ ਵਿੱਚ ਬੁਨਿਆਦੀ ਢਾਚੇਂ ਜਿਵੇਂ ਕਿ ਕਮਰੇ, ਟਾਇਲਟ, ਫਰਨੀਚਰ, ਲੈਬਾਂ, ਵਿਸ਼ੇਸ ਲੋੜਾ ਵਾਲੇ ਵਿਦਿਆਰਥੀਆਂ ਦੀ ਗਿਣਤੀ ਆਦਿ ਵਿੱਚ ਬਹੁਤ ਹੀ ਕਮੀਆਂ ਹਨ। ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਯੂ-ਡਾਈਸ ਸਰਵੇ 2017-18 ਅਧੀਨ ਸਕੂਲ ਦੀ ਮੌਜੂਦਾ ਸਥਿਤੀ ਨੂੰ ਬਹੁਤ ਹੀ ਧਿਆਨ ਨਾਲ ਭਰਿਆ ਜਾਵੇ ਅਤੇ ਜਰੂਰਤ ਹੋਣ ਤੇ ਡਾਟਾ ਨੂੰ ਸੋਧਿਆ ਜਾਵੇ।

ਆਪ ਨੂੰ ਮਿਤੀ 10-01-2018 ਤੱਕ ਦਾ ਸਮਾਂ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਯੂ-ਡਾਈਸ ਸਰਵੇ ਨੂੰ ਮਹੱਤਤਾ ਦਿੰਦੇ ਹੋਏ ਨਿਜੀ ਤੌਰ ਉਤੇ ਇਸ ਵਿੱਚ ਸ਼ਾਮਿਲ ਹੋ ਕੇ ਡਾਟਾ ਠੀਕ ਕਰਕੇ ਅਪਰੂਵ ਕੀਤਾ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,
ਪੰਜਾਬ ।

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ (ਐ.ਸਿੱ), ਪੰਜਾਬ।
2. ਡੀ.ਪੀ.ਆਈ (ਸੈ.ਸਿੱ), ਪੰਜਾਬ।
3. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ)
4. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
5. ਸਮੂਹ ਜਿਲ੍ਹਾਂ ਐਮ.ਆਈ.ਐਸ. ਕੋਆਰਡੀਨੇਟਰਜ਼, ਸਸਅ, ਪੰਜਾਬ
6. ਸਮੂਹ ਕੰਪੋਨੈਂਟਸ ਮੁੱਖੀ (ਸਸਅ,ਰਮਸਅ,ਪਿਕਟਸ, ਮਿਡ-ਡੇ-ਮੀਲ,ਐਜੂਸੈਟ)